# Amritsar

ਅਜੀਤ
28-Jun-2026
Page 9



ਅਕਾਲ ਅਕੈਡਮੀ ਚੋਗਾਵਾਂ ਵਿਖੇ ਨਸ਼ਾ ਵਿਰੋਧੀ ਦਿਵਸ ਮੌਕੇ 'ਅਸੀਂ ਨਸ਼ਾ ਮੁਕਤ ਹਾਂ' ਦਾ ਸਲੋਗਨ ਬਣਾ ਕੇ ਸੁਨੇਹਾ ਦੇਣ ਸਮੇਂ ਸਕੂਲੀ ਬੱਚੇ। ਤਸਵੀਰ: ਗੁਰਵਿੰਦਰ ਸਿੰਘ ਕਲਸੀ

# ਅਕਾਲ ਅਕੈਡਮੀ ਚੋਗਾਵਾਂ ਵਿਖੇ ਨਸ਼ਾ ਵਿਰੋਧੀ ਦਿਵਸ ਮਨਾਇਆ

ਚੋਗਾਵਾਂ, 27 ਜੂਨ (ਗੁਰਵਿੰਦਰ ਸਿੰਘ ਕਲਸੀ)- ਦੇਸ਼ ਭਰ ਵਿਚ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਅਕਾਲ ਅਕੈਡਮੀ ਚੋਗਾਵਾਂ ਵਿਖੇ ਨਸ਼ਿਆਂ ਖ਼ਿਲਾਫ਼ 'ਅਸੀਂ ਨਸ਼ਾ ਮੁਕਤ ਹਾਂ' ਐਕਟੀਵਿਟੀ ਕਰਵਾਈ ਗਈ, ਜਿਸ ਵਿਚ ਲਗਪਗ 100 ਬੱਚਿਆਂ ਨੇ ਭਾਗ ਲਿਆ। ਇਸ ਸਮਾਰੋਹ ਵਿਚ ਨਸ਼ਾ ਮੁਕਤ ਅਤੇ ਸਿਹਤਮੰਦ ਜੀਵਨ ਸ਼ੈਲੀ ਧਾਰਨ ਕਰਨ ਦੀ ਸਹੁੰ ਚੁੱਕੀ ਗਈ। ਇਸ ਮੌਕੇ ਪ੍ਰਿੰਸੀਪਲ ਗੁਰਸ਼ਰਨਜੀਤ ਕੌਰ ਨੇ ਕਿਹਾ ਕਿ ਕਲਗੀਧਰ ਟਰੱਸਟ ਬੜੂ ਸਾਹਿਬ (ਹਿਮਾਚਲ ਪ੍ਰਦੇਸ਼) ਦੀਆਂ 130 ਅਕੈਡਮੀਆਂ ਵਿਚ ਅੱਜ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਐਕਟੀਵਿਟੀਆਂ ਕਰਵਾਈਆਂ ਜਾ ਰਹੀਆਂ ਹਨ। ਜੋ ਨਸ਼ਿਆਂ ਦੇ ਖ਼ਿਲਾਫ਼ ਇਕ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਗੁਰਮਤਿ ਮਾਰਗ 'ਤੇ ਚੱਲਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਹੋ ਕੇ ਸਿਹਤਮੰਦ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਪ੍ਰਭਜੀਤ ਕੌਰ, ਸਿਮਰਨਜੀਤ ਕੌਰ, ਹਰਮਨਪ੍ਰੀਤ ਕੌਰ, ਸੁਖਰਾਜ ਕੌਰ, ਸਰਬਜੀਤ ਸਿੰਘ, ਗੁਰਵਿੰਦਰ ਸਿੰਘ, ਬਲਵਿੰਦਰ ਪਾਲ ਸਿੰਘ, ਸ਼ਿਵ ਕੁਮਾਰ, ਹੈਪਨਜੀਤ ਸਿੰਘ, ਜਸਬੀਰ ਕੌਰ, ਪਰਮਜੀਤ ਕੌਰ, ਪਰਮਿੰਦਰ ਸਿੰਘ ਸਮੇਤ ਬੱਚਿਆਂ ਦੇ ਮਾਤਾ-ਪਿਤਾ ਆਦਿ ਹਾਜ਼ਰ ਸਨ।

ਅਜੀਤ
27-Jun-2026
Page: 7

# ਅਕਾਲ ਅਕੈਡਮੀ ਵਿਛੋਆ ਵਿਖੇ 'ਵੀ ਆਰ ਡਰੱਗ ਫ੍ਰੀ' ਗਤੀਵਿਧੀ ਕਰਵਾਈ

ਜਗਦੇਵ ਕਲਾਂ, 26 ਜੂਨ (ਸ਼ਰਨਜੀਤ ਸਿੰਘ ਗਿੱਲ)-ਵਿਸ਼ਵ ਨਸ਼ਾ ਵਿਰੋਧੀ ਦਿਵਸ ਦੇ ਮੌਕੇ 'ਤੇ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਅਤੇ ਅਕਾਲ ਅਕੈਡਮੀ ਵਿਛੋਆ ਦੇ ਪ੍ਰਿੰ: ਜਤਿੰਦਰ ਕੌਰ ਘੁੰਮਣ ਦੇ ਯਤਨਾਂ ਸਦਕਾ 'ਵੀ ਆਰ ਡਰੱਗ ਫ੍ਰੀ' ਗਤੀਵਿਧੀ ਕਰਵਾਈ ਗਈ। ਇਸ ਗਤੀਵਿਧੀ ਵਿਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਵੀ ਆਰ ਡਰੱਗ ਫ੍ਰੀ' ਦੀ ਮਨੁੱਖੀ ਅਕ੍ਰਿਤੀ ਬਣਾ ਕੇ 'ਅਸੀ ਨਸ਼ਾ ਮੁਕਤ ਹਾਂ' ਦਾ ਸੰਦੇਸ਼ ਦਿੱਤਾ ਅਤੇ ਖੁਦ ਨਸ਼ਿਆਂ ਤੋਂ ਦੂਰ ਰਹਿਣ ਦੇ ਨਾਲ-ਨਾਲ ਸਮਾਜ ਨੂੰ ਵੀ ਨਸ਼ਾ ਮੁਕਤ ਬਣਾਉਣ ਦਾ ਪ੍ਰਣ ਕੀਤਾ। ਇਸ ਮੌਕੇ ਪ੍ਰਿੰ: ਜਤਿੰਦਰ ਕੌਰ ਘੁੰਮਣ ਨੇ ਸਮਾਗਮ ਵਿਚ ਪਹੁੰਚੇ ਪਤਵੰਤੇ ਸੱਜਣਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਸਮੇਂ-ਸਮੇਂ 'ਤੇ ਜਾਗਰੂਕਤਾ ਕੈਂਪ, ਸੈਮੀਨਾਰ ਅਤੇ ਰੈਲੀਆਂ ਰਾਹੀਂ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਟਰੱਸਟ ਵਲੋਂ ਵੱਖ-ਵੱਖ ਥਾਵਾਂ 'ਤੇ ਨਸ਼ਾ ਛੁਡਾਊ ਕੇਂਦਰ ਵੀ ਚਲਾਏ ਜਾ ਰਹੇ ਹਨ, ਜਿਨ੍ਹਾਂ ਰਾਹੀਂ ਅਨੇਕਾਂ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਸਹੀ ਰਸਤੇ 'ਤੇ ਲਿਆਂਦਾ ਗਿਆ ਹੈ ਅਤੇ ਕਈ ਪਰਿਵਾਰਾਂ ਦੀਆਂ ਜ਼ਿੰਦਗੀਆਂ ਮੁੜ ਖੁਸ਼ਹਾਲ ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕਲਗੀਧਰ ਟਰੱਸਟ ਭਵਿੱਖ ਵਿਚ ਵੀ ਸਮਾਜਿਕ ਕੁਰੀਤੀਆਂ ਦੇ ਖ਼ਾਤਮੇ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਆਪਣੇ ਯਤਨ ਇਸੇ ਤਰ੍ਹਾਂ ਜਾਰੀ ਰੱਖੇਗਾ।



ਵਿਸ਼ਵ ਨਸ਼ਾ ਵਿਰੋਧੀ ਦਿਵਸ ਮੌਕੇ ਅਕਾਲ ਅਕੈਡਮੀ ਵਿਛੋਆ ਵਿਖੇ 'ਵੀ ਆਰ ਡਰੱਗ ਫ੍ਰੀ' ਦੀ ਮਨੁੱਖੀ ਅਕ੍ਰਿਤੀ ਬਣਾ ਕੇ ਸਮਾਜ ਨੂੰ ਨਸ਼ਾ ਮੁਕਤੀ ਦਾ ਸੰਦੇਸ਼ ਦਿੰਦੇ ਹੋਏ ਵਿਦਿਆਰਥੀ ਅਤੇ ਪ੍ਰੋਗਰਾਮ ਦੌਰਾਨ ਪ੍ਰਿੰਸੀਪਲ, ਸਟਾਫ ਤੇ ਇਲਾਕੇ ਦੀਆਂ ਸ਼ਖ਼ਸੀਅਤਾਂ। ਅਜੀਤ ਤਸਵੀਰ


## ਮਾਤਾ ਅਮਰੀਕ ਕੌਰ ਬੱਲ ਸਠਿਆਲਾ ਨਮਿਤ ਪਾਠ ਦਾ ਭੋਗ 28 ਨੂੰ

ਬੜੇ ਦੁਖੀ ਹਿਰਦੇ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਰਿਟਾ. ਅਧਿਆਪਕਾ ਮਾਤਾ ਅਮਰੀਕ ਕੌਰ ਬੱਲ (ਸਵ. ਮਾ. ਸ਼ਿੰਗਾਰਾ ਸਿੰਘ ਬੱਲ) ਵਾਸੀ ਸਠਿਆਲਾ ਜ਼ਿਲ੍ਹਾ ਅੰਮ੍ਰਿਤਸਰ ਜੀ ਕਿ 19 ਜੂਨ ਦਿਨ ਸ਼ੁੱਕਰਵਾਰ ਨੂੰ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ ਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ 28 ਜੂਨ ਦਿਨ ਐਤਵਾਰ ਸਾਡੇ ਗ੍ਰਹਿ ਪਾਉਣ ਉਪਰੰਤ ਅੰਤਿਮ ਅਰਦਾਸ ਗੁ: ਨਾਨਕਸਰ ਸਾਹਿਬ ਸਠਿਆਲਾ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ। ਆਪ ਸਭ ਨੂੰ ਅੰਤਿਮ ਅਰਦਾਸ 'ਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।


ਮਾਤਾ ਅਮਰੀਕ ਕੌਰ ਬੱਲ

ਦੁਖੀ ਹਿਰਦੇ:
ਜ਼ਿਲ੍ਹਾ ਪ੍ਰਧਾਨ ਪੀ.ਡੀ.ਐਸ.ਏ. ਬਲਵਿੰਦਰ ਸਿੰਘ ਬੱਲ
ਤੇ ਸਮੂਹ ਬੱਲ ਪਰਿਵਾਰ ਸਠਿਆਲਾ ਮੋਬ: 98769-50890



## ਵਾਕ ਇੰਟਰਵਿਊ

ਆਈ. ਐਮ. ਸੀ. ਸਰਕਾਰੀ ਆਈ. ਟੀ. ਆਈ. ਕਲਾਨੌਰ ਵਲੋਂ ਅਕਾਦਮਿਕ ਸੈਸ਼ਨ 2026-2027 ਵਿੱਚ ਬੱਝਵੀਂ ਤਨਖਾਹ 15000/- ਪ੍ਰਤੀ ਮਹੀਨੇ ਤੇ ਗੈਸਟ ਫੈਕਲਟੀ (ਠੇਕਾ ਅਧਾਰ ਬਿਲਕੁਲ ਆਰਜ਼ੀ) ਤੌਰ 'ਤੇ ਇੰਸ-ਟ੍ਰਕਟਰਾਂ ਟਰੇਡ ਇਲੈਕਟ੍ਰੀਸ਼ਨ-01, ਵੈਲਡਰ-01, ਰੈਫਰੀਜਰੇਸ਼ਨ ਅਤੇ ਏਅਰ ਕੰਡੀਸ਼ਨ ਟਕਨੀਸ਼ੀਅਨ (ਆਰ.

DESH SEWAK
ਦੇਸ਼ ਸੇਵਕ
28 june 2026

# ਅਕਾਲ ਅਕੈਡਮੀ ਵਿਛੋਆ ਵਿਖੇ ਨਸ਼ਾ ਵਿਰੋਧੀ ਦਿਵਸ ਮਨਾਇਆ

ਗੁਰੂ ਕਾ ਬਾਗ, 27 ਜੂਨ (ਭੱਟੀ)-ਵਿਸ਼ਵ ਨਸ਼ਾ ਵਿਰੋਧੀ ਦਿਵਸ ਨੂੰ ਸਮਰਪਿਤ ਕਲਗੀਧਰ ਟਰਸਟ ਬੜੂ ਸਾਹਿਬ ਦੀ ਸਰਪਰਸਤੀ ਹੇਠ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ ਘੁੰਮਣ ਦੇ ਯਤਨਾਂ ਸਦਕਾ ਅਕਾਲ ਅਕੈਡਮੀ ਵਿਛੋਆ ਵਿਖੇ 'ਵੀ ਆਰ ਡਰੱਗ ਫ੍ਰੀ' ਸਰਗਰਮੀ ਕਰਵਾਈ ਗਈ। ਜਿਸ ਵਿਚ ਬੱਚਿਆਂ ਨੇ 'ਅਸੀਂ ਨਸ਼ਾ ਮੁਕਤ ਹਾਂ' ਦਾ ਸੰਦੇਸ਼ ਵਿਸ਼ਵ ਪੱਧਰ ਉੱਤੇ ਦਿੱਤਾ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦੇ ਕੇ ਆਪ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਨਸ਼ਾ ਮੁਕਤ ਕਰਨ ਦਾ ਪ੍ਰਣ ਕੀਤਾ।



ਅਕੈਡਮੀ ਦੇ ਵਿਦਿਆਰਥੀ 'ਅਸੀਂ ਨਸ਼ਾ ਮੁਕਤ ਹਾਂ' ਦਾ ਮੋਟੋ ਬਣਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦੇ ਹੋਏ। (ਭੱਟੀ)

ਇਸ ਮੌਕੇ ਪਿੰਡ ਦੇ ਸਰਪੰਚ ਸੰਦੀਪ ਕੌਰ ਅਤੇ ਉਨ੍ਹਾਂ ਦੇ ਪਤੀ ਸਾਜਨ, ਪੰਚਾਇਤ ਮੈਂਬਰ ਗੁਰਜੀਤ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁੱਖੀ ਸਰਦਾਰ ਸਰਬਜੋਤ ਸਿੰਘ ਮੌਜੂਦ ਸਨ। ਇਸ ਮੌਕੇ ਛਬੀਲ ਦਾ ਲੰਗਰ ਲਗਾਇਆ ਗਿਆ ਅਤੇ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਸਾਹਿਬ ਵੱਲੋਂ ਆਏ ਹੋਏ ਪਤਵੰਤੇ ਸੱਜਣਾਂ, ਮੌਜੂਦ ਅਧਿਆਪਕ ਸਾਹਿਬਾਨ, ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਉਨ੍ਹਾਂ ਨੇ ਦੱਸਿਆ ਕਿ ਜਿਵੇਂ ਕਿ ਸਮੇਂ-ਸਮੇਂ ਸਿਰ ਕਲਗੀਧਰ ਟਰਸਟ ਵੱਲੋਂ ਵੱਖ-ਵੱਖ ਸਰਗਰਮੀਆਂ ਦੁਆਰਾ ਸਮਾਜ ਨੂੰ ਨਸ਼ਾ ਰਹਿਤ ਲਈ ਯਤਨ ਕੀਤੇ ਜਾਂਦੇ ਹਨ, ਜਿਵੇਂ-ਜਾਗਰੂਕਤਾ ਕੈਂਪ, ਸੈਮੀਨਾਰ ਅਤੇ ਰੈਲੀਆਂ ਕੱਢੀਆਂ ਜਾਂਦੀਆਂ ਹਨ। ਕਲਗੀਧਰ ਟਰਸਟ ਵੱਲੋਂ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਲੋਕਾਂ ਨੂੰ ਨਸ਼ਿਆਂ ਵਿੱਚੋਂ ਕੱਢਣ ਲਈ ਵੱਖ-ਵੱਖ ਥਾਵਾਂ ਤੇ ਨਸ਼ਾ ਛਡਾਊ ਕੇਂਦਰ ਖੋਲ੍ਹੇ ਗਏ ਹਨ ਜਿਨ੍ਹਾਂ ਦੁਆਰਾ ਬਹੁਤ ਸਾਰੇ ਲੋਕਾਂ ਦਾ ਨਸ਼ਾ ਛਡਾ ਕੇ ਉਨ੍ਹਾਂ ਨੂੰ ਸਹੀ ਰਸਤੇ ਤੇ ਪਾ ਕੇ, ਪਰਿਵਾਰਾਂ ਨੂੰ ਖੁਸ਼ਹਾਲ ਜ਼ਿੰਦਗੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਕਲਗੀਧਰ ਟਰਸਟ ਸਮੇਂ-ਸਮੇਂ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨ ਲਈ ਯਤਨ ਕਰਦਾ ਰਹੇਗਾ।

SUN,28 JUNE 2026
EDITION: AMRITSAR BANI, PAGE NO. 3

ਜਗ ਬਾਣੀ
ਈ-ਪੇਪਰ

# ਅਕਾਲ ਅਕੈਡਮੀ ਵਿਛੋਆ ਵਿਖੇ ਨਸ਼ਾ ਵਿਰੋਧੀ ਦਿਵਸ ਮਨਾਇਆ

ਗੁਰੂ ਕਾ ਬਾਗ, 27 ਜੂਨ (ਭੱਟੀ)-ਵਿਸ਼ਵ ਨਸ਼ਾ ਵਿਰੋਧੀ ਦਿਵਸ ਨੂੰ ਸਮਰਪਿਤ ਕਲਗੀਧਰ ਟਰਸਟ ਬੜੂ ਸਾਹਿਬ ਦੀ ਸਰਪਰਸਤੀ ਹੇਠ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ ਘੁੰਮਣ ਦੇ ਯਤਨਾਂ ਸਦਕਾ ਅਕਾਲ ਅਕੈਡਮੀ ਵਿਛੋਆ ਵਿਖੇ 'ਵੀ ਆਰ ਡਰੱਗ ਫ੍ਰੀ' ਸਰਗਰਮੀ ਕਰਵਾਈ ਗਈ। ਜਿਸ ਵਿਚ ਬੱਚਿਆਂ ਨੇ 'ਅਸੀਂ ਨਸ਼ਾ ਮੁਕਤ ਹਾਂ' ਦਾ ਸੰਦੇਸ਼ ਵਿਸ਼ਵ ਪੱਧਰ ਉੱਤੇ ਦਿੱਤਾ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦੇ ਕੇ ਆਪ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਨਸ਼ਾ ਮੁਕਤ ਕਰਨ ਦਾ ਪ੍ਰਣ ਕੀਤਾ।



ਅਕੈਡਮੀ ਦੇ ਵਿਦਿਆਰਥੀ 'ਅਸੀਂ ਨਸ਼ਾ ਮੁਕਤ ਹਾਂ' ਦਾ ਮੋਟੋ ਬਣਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦੇ ਹੋਏ। (ਭੱਟੀ)

ਇਸ ਮੌਕੇ ਪਿੰਡ ਦੇ ਸਰਪੰਚ ਸੰਦੀਪ ਕੌਰ ਅਤੇ ਉਨ੍ਹਾਂ ਦੇ ਪਤੀ ਸਾਜਨ, ਪੰਚਾਇਤ ਮੈਂਬਰ ਗੁਰਜੀਤ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁੱਖੀ ਸਰਦਾਰ ਸਰਬਜੋਤ ਸਿੰਘ ਮੌਜੂਦ ਸਨ। ਇਸ ਮੌਕੇ ਛਬੀਲ ਦਾ ਲੰਗਰ ਲਗਾਇਆ ਗਿਆ ਅਤੇ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਸਾਹਿਬ ਵੱਲੋਂ ਆਏ ਹੋਏ ਪਤਵੰਤੇ ਸੱਜਣਾਂ, ਮੌਜੂਦ ਅਧਿਆਪਕ ਸਾਹਿਬਾਨ, ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਉਨ੍ਹਾਂ ਨੇ ਦੱਸਿਆ ਕਿ ਜਿਵੇਂ ਕਿ ਸਮੇਂ-ਸਮੇਂ ਸਿਰ ਕਲਗੀਧਰ ਟਰਸਟ ਵੱਲੋਂ ਵੱਖ-ਵੱਖ ਸਰਗਰਮੀਆਂ ਦੁਆਰਾ ਸਮਾਜ ਨੂੰ ਨਸ਼ਾ ਰਹਿਤ ਲਈ ਯਤਨ ਕੀਤੇ ਜਾਂਦੇ ਹਨ, ਜਿਵੇਂ-ਜਾਗਰੂਕਤਾ ਕੈਂਪ, ਸੈਮੀਨਾਰ ਅਤੇ ਰੈਲੀਆਂ ਕੱਢੀਆਂ ਜਾਂਦੀਆਂ ਹਨ। ਕਲਗੀਧਰ ਟਰਸਟ ਵੱਲੋਂ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਲੋਕਾਂ ਨੂੰ ਨਸ਼ਿਆਂ ਵਿੱਚੋ ਕੱਢਣ ਲਈ ਵੱਖ-ਵੱਖ ਥਾਵਾਂ ਤੇ ਨਸ਼ਾ ਛਡਾਊ ਕੇਂਦਰ ਖੋਲ੍ਹੇ ਗਏ ਹਨ ਜਿਨ੍ਹਾਂ ਦੁਆਰਾ ਬਹੁਤ ਸਾਰੇ ਲੋਕਾਂ ਦਾ ਨਸ਼ਾ ਛਡਾ ਕੇ ਉਨ੍ਹਾਂ ਨੂੰ ਸਹੀ ਰਸਤੇ ਤੇ ਪਾ ਕੇ, ਪਰਿਵਾਰਾਂ ਨੂੰ ਖੁਸ਼ਹਾਲ ਜ਼ਿੰਦਗੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਕਲਗੀਧਰ ਟਰਸਟ ਸਮੇਂ-ਸਮੇਂ ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨ ਲਈ ਯਤਨ ਕਰਦਾ ਰਹੇਗਾ।

27 june 2026



# 'ਅਸੀਂ ਨਸ਼ੇ ਤੋਂ ਮੁਕਤ' ਮਨੁੱਖੀ ਰਚਨਾ ਬਣਾਈ

ਪੰਜਾਬੀ ਟ੍ਰਿਬਿਊਨ

# ਨਸ਼ਾ ਵਿਰੋਧੀ ਦਿਵਸ ਨੂੰ ਸਮਰਪਿਤ ਸਮਾਗਮ

**ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਨਸ਼ਾ ਮੁਕਤ ਸਮਾਜ ਦੀ ਸਹੁੰ ਚੁੱਕੀ**




ਸਮਾਗਮ ਦੌਰਾਨ ਵਿਦਿਆਰਥੀ ਅਤੇ ਪ੍ਰਬੰਧਕ। -ਫੋਟੋ ਮਿੰਟੂ

ਪੱਤਰ ਪ੍ਰੇਰਕ

**ਧਾਰੀਵਾਲ, 27 ਜੂਨ**

ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਅਕਾਲ ਅਕੈਡਮੀ ਤਿੱਬੜ ਵਿੱਚ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਅਸੀਂ ਨਸ਼ਾ ਮੁਕਤ ਹਾਂ ਵਿਸ਼ਵ ਰਿਕਾਰਡ ਮੁਹਿੰਮ ਅਧੀਨ ਵਿਸ਼ੇਸ਼ ਸਮਾਗਮ ਕਰਵਾਇਆ। ਪ੍ਰਿੰਸੀਪਲ ਗੁਰਵਿੰਦਰ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਨਸ਼ਾਮੁਕਤ, ਸਿਹਤਮੰਦ ਅਤੇ ਨੈਤਿਕ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਲਈ ਸਹੁੰ ਚੁੱਕੀ। ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਡਾ.ਗੁਰਮਿੰਦਰਪਾਲ ਸਿੰਘ ਕਾਹਲੋਂ, ਓਂਕਾਰ ਸਿੰਘ ਕੁਆਰਡੀਨੇਟਰ ਐੱਸ ਐੱਮ ਕਾਲਜ ਫ਼ਾਰ ਵਿਮੈਨ ਕਾਹਨੂੰਵਾਨ ਨੇ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ।

**ਚੇਤਨਪੁਰਾ (ਪੱਤਰ ਪ੍ਰੇਰਕ):** ਵਿਸ਼ਵ ਨਸ਼ਾ ਵਿਰੋਧੀ ਦਿਵਸ ਨੂੰ ਸਮਰਪਿਤ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਅਤੇ ਅਕਾਲ ਅਕੈਡਮੀ ਵਿਛੋਆ ਦੇ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ ਘੁੰਮਣ ਦੇ ਯਤਨਾਂ ਸਦਕਾ ਵੀ ਆਰ ਡਰੱਗ ਫ੍ਰੀ ਗਤੀਵਿਧੀ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ ਘੁੰਮਣ ਨੇ ਕਿਹਾ ਕਿ ਕਲਗੀਧਰ ਟਰਸਟ ਬੜੂ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੇ ਸਾਰੇ ਸਕੂਲਾਂ ਵਿੱਚ ਇੱਕੋ ਸਮੇਂ ਇਹ ਗਤੀਵਿਧੀ ਕਰਵਾਈ ਗਈ, ਜਿਸ ਨੂੰ ਵਰਲਡ ਬੁੱਕ ਆਫ਼ ਰਿਕਾਰਡਜ਼, ਲੰਡਨ ਵਿੱਚ ਵੀ ਦਰਜ ਕੀਤਾ ਗਿਆ ਹੈ।

The Tribune
VOICE OF THE PEOPLE

27 june 2026

# Over 15,000 Akal Academy students unite for anti-drug campaign

NEHA SAINI

AMRITSAR, JUNE 26

To mark International Day Against Drug Abuse and Illicit Trafficking, more than 15,000 students from 121 Akal Academy schools run by the Kalgidhar Trust across Punjab, Haryana, Himachal Pradesh, Uttar Pradesh and Rajasthan participated in a unique anti-drug awareness initiative on Friday.

At exactly 8 am, students assembled simultaneously on their respective campuses to form the human message, 'WE ARE DRUG FREE', demonstrating their collective pledge to stay away from substance abuse and promote a healthier society. The initiative is part of an attempt to secure recognition from the World Book of Records, London.

In Amritsar, students from four Akal Academy branches participated in the campaign. Akal Academy, Basarke, recorded the participation of 60 students, while Chogawan had 120 participants, Sheron Bagga 85 and Vacchoa 112.

Gurdeep Kaur, principal of Akal Academy, Basarke, said, "This initiative reflects the determination of our students to stand against drug abuse and promote healthy living. Through year-round awareness programmes, value-based education, counselling support and preventive interventions, our schools continue to maintain drug-free campuses."

The Kalgidhar Trust, a non-profit Sikh organisation, has consistently championed drug prevention and social awareness campaigns through its network of educational institutions. Akal Academy students have previously helped secure two World Records and one Limca Book of Records recognition through similar large-scale public awareness initiatives.

A student from Akal Academy, Basarke, who participated in the human formation, said that through awareness and determination, Punjab's youth are sending a message of hope against drug abuse and helping break its vicious cycle.







Students of Akal Academy form human formations in a record attempt for drug abuse awareness at Khadoor Sahib; and (right) a human formation of 'We are drug free' in Gurdaspur on Friday.

## Students take anti-drug pledge in Gurdaspur

GURDASPUR: As many as 881 students from five Akal Academy branches in the twin districts of Gurdaspur and Pathankot marked International Day Against Drug Abuse by participating in awareness programmes at different locations on Friday.

The event was organised by Akal Academy branches at Mulliawal, Tibber and Rasulpur Bait in Gurdaspur district, and Bharyal Lehri and Sujanpur in Pathankot district.

The students formed a human chain spelling out the message, 'We are free from drugs'. Standing together to create the words, they conveyed a strong visual pledge to reject substance abuse and reaffirmed their commitment to building a healthier, addiction-free society.

Gurvinder Kaur, principal of Akal Academy, Tibber, said, "This initiative reflects the determination of our students to stand against drug abuse while promoting healthy living. Our institution continues to maintain a drug-free campus by organising awareness programmes throughout the year."

A school official said similar programmes were held at all 121 Akal Academy branches across North India. "The campaign is an attempt to secure recognition in the Book of World Records, London, this year. Earlier, Akal Academy earned recognition in two editions of the World Book of Records and the Limca Book of World Records. The initiative reinforces the Kalgidhar Trust's commitment to nurturing responsible citizens and encouraging young people to become ambassadors of a drug-free India," the official added.

All Akal Academy branches across the country are run under the aegis of the Kalgidhar Trust.

26 june 2026


ਵਤਨ ਦੀ ਮਿੱਟੀ

RNI NO 66006/95

ਪ੍ਰਿੰਸੀਪਲ ਸ੍ਰੀ ਮਤੀ ਜਤਿੰਦਰ ਕੌਰ ਘੁੰਮਣ ਦੇ ਯਤਨਾਂ ਸਦਕਾ

ਅਕਾਲ ਅਕੈਡਮੀ ਵਿਛੋਆ ਵਿਖੇ ਵੀ ਆਰ ਡਰੱਗ ਫ੍ਰੀ ਗਤੀਵਿਧੀ ਕਾਰਵਾਈ ਗਈ

WE ARE DRUG FREE

AKAL ACADEMY VACHHOA

ਅਸੀਂ ਨਸ਼ਾ ਮੁਕਤ ਹਾਂ

SAY NO TO DRUGS

ਨਸ਼ਿਆਂ ਤੋਂ ਦੂਰ ਰਹੋ - ਜੀਵਨ ਵਿੱਚ ਰੋਸ਼ਨੀ ਭਰੋ